# ਜਮਾਤ ਦੱਸਵੀਂ

## ਬਹੁਅਰਥਕ ਸ਼ਬਦ

ਬਹੁਅਰਥਕ ਸ਼ਬਦ ਉਹ ਸ਼ਬਦ ਹੁੰਦਾ ਹੈ ਜਿਸਦੇ ਅਰਥ ਇੱਕ ਤੋਂ ਵੱਧ ਹੋਣ। ਆਮ ਭਾਸ਼ਾ ਜਾਂ ਆਮ ਸ਼ਬਦਾਂ ਵਿੱਚ ਬਹੁਅਰਥਕ ਸ਼ਬਦ ਉਹਨਾਂ ਸ਼ਬਦਾਂ ਨੂੰ ਕਿਹਾ ਜਾਂਦਾ ਹੈ ਜਿਨ੍ਹਾਂ ਦੇ ਸ਼ਬਦ-ਜੋੜ ਅਤੇ ਉਚਾਰਨ ਤਾਂ ਇੱਕੋ ਜਿਹੇ ਹੁੰਦੇ ਹਨ ਪਰ ਅਰਥਾਂ ਵਿੱਚ ਬਹੁਤ ਅੰਤਰ ਹੁੰਦਾ ਹੈ।

ਉੱਚਾ:

- ( ਉਚਾਈ) ਇਸ ਗਲੀ ਵਿੱਚ ਸਾਡਾ ਘਰ ਸਭ ਤੋਂ ਉੱਚਾ ਹੈ।
- ( ਉੱਚਾ ਸੁਣਨਾ) ਬਲਦੇਵ ਸਿੰਘ ਨੂੰ ਉੱਚਾ ਸੁਣਦਾ ਹੈ।
- ਤਵੇ ਉੱਤੇ ਰੋਟੀਆਂ ਰਾੜ੍ਹਨ ਲਈ ਉੱਚਾ ਵਰਤਿਆ ਜਾਂਦਾ ਹੈ।
- ਕਦੇ ਵੀ ਕਿਸੇ ਨੂੰ ਉੱਚਾ ਨਾ ਬੋਲੋ।

ਉੱਤਰ:

- (ਦਿਸ਼ਾ ) ਸਾਡੇ ਸਕੂਲ ਦਾ ਦਰਵਾਜ਼ਾ ਉੱਤਰ ਵੱਲ ਹੈ।
- (ਜਵਾਬ) ਮੈਂ ਸਾਰੇ ਪ੍ਰਸ਼ਨਾ ਦੇ ਉੱਤਰ ਦਿੱਤੇ।
- (ਸਰੀਰਕ ਜੋੜ ਦਾ ਟੁੱਟਣਾ ) ਡਿੱਗਣ ਨਾਲ ਰਾਮ ਦਾ ਮੋਢਾ ਉੱਤਰ ਗਿਆ ।

ਉਠਾ:

- (ਚੁੱਕਣਾ ) ਲੜਦੇ-ਲੜਦੇ ਉਸਨੇ ਸੋਟੀ ਉਠਾ ਲਈ।
- (ਫੋੜਾ) ਉਸਦੇ ਪੈਰ ਤੇ ਕੋਈ ਉਠਾ ਜਿਹਾ ਉੱਠ ਪਿਆ ਹੈ।
- (ਉਠਾਉਣਾ) ਮੈਂ ਉਸਨੂੰ ਮੰਜੇ ਤੋਂ ਉਠਾ ਦਿੱਤਾ।

ਉਲਟੀ:

- (ਪੁੱਠੀ) ਸੱਸ ਨੇ ਪੁੱਤਰ ਨੂੰ ਉਲਟੀ ਪੱਟੀ ਪੜ੍ਹਾ ਦਿੱਤੀ।
- (ਕੈਅ ) ਮੈਨੂੰ ਅਕਸਰ ਬੱਸ ਦੇ ਸਫ਼ਰ ਵਿੱਚ ਉਲਟੀ ਆ ਜਾਂਦੀ ਹੈ।

- (ਮੂਧੀ) ਪਾਣੀ ਦੀ ਬਾਲਟੀ ਉਲਟੀ ਹੋ ਗਈ।

ਉਤਾਰ:

- (ਨਕਲ ਕਰ ਕੇ ਲਿਖਣਾ ) ਮੈਂ ਸਾਰੇ ਪ੍ਰਸ਼ਨ ਉੱਤਰ ਉਤਾਰ ਲਏ ਹਨ।
- (ਪੁਰਾਣੇ ਕੱਪੜੇ) ਨੌਕਰਾਣੀ ਅਕਸਰ ਮਾਲਕਨ ਦੀ ਉਤਾਰ ਪਾਉਂਦੀ ਸੀ।
- (ਲਾਹੁਣਾ ) ਬੱਚਿਆਂ ਨੂੰ ਕੋਠੇ ਤੋਂ ਉਤਾਰ ਲਓ।

ਆਕੜ:

- (ਹੰਕਾਰ) ਕਈਆਂ ਵਿੱਚ ਬਹੁਤ ਆਕੜ ਹੁੰਦੀ ਹੈ।
- (ਸਖ਼ਤ ਹੋਣਾ ) ਮਾਵੇ ਨਾਲ ਪੱਗ ਆਕੜ ਗਈ।
- (ਅੰਗੜਾਈ ) ਬੱਚਾ ਸੁੱਤਾ ਹੋਇਆ ਆਕੜਾਂ ਭੰਨ ਰਿਹਾ ਸੀ।

ਅੱਡਾ:

- (ਟਿਕਾਣਾ) ਮੈਨੂੰ ਕੋਈ ਅੱਡਾ ਮਿਲੇ ਤਾਂ ਕੰਮ ਕਾਰ ਸ਼ੁਰੂ ਕਰਾ।
- (ਬਸ ਅੱਡਾ ) ਬੱਸਾਂ ਦਾ ਅੱਡਾ ਸਾਡੇ ਘਰ ਤੋਂ ਬਹੁਤ ਦੂਰ ਹੈ।
- (ਤਰਖਾਣ ਦੇ ਕੰਮ ਕਰਨ ਵਾਲਾ ਸੰਦ ) ਤਰਖਾਣ ਨੇ ਅੱਡਾ ਬਣਾ ਕੇ ਲੱਕੜ ਰੰਦਣੀ ਸ਼ੁਰੂ ਕਰ ਦਿੱਤੀ।

ਅੱਗਾ:

- (ਅਗਲਾ ਪਾਸਾ ) ਮੇਰੀ ਕਮੀਜ਼ ਦਾ ਅੱਗਾ ਫੱਟ ਗਿਆ ਹੈ।
- (ਅਗਲਾ ਜਨਮ ) ਚੰਗੇ ਕੰਮ ਕਰੋ ਤੇ ਆਪਣਾ ਅੱਗਾ ਸੁਆਰੋ।
- (ਮੌਕਾ ) ਸਿਆਣਾ ਬੰਦਾ ਅੱਗਾ ਪਿੱਛਾ ਦੇਖ ਕੇ ਹੀ ਗੱਲ ਕਰਦਾ ਹੈ।

ਆਨਾ:

- (ਸਿੱਕਾ) ਪੁਰਾਣੇ ਜ਼ਮਾਨੇ ਵਿੱਚ ਆਨੇ ਦਾ ਵੀ ਬਹੁਤ ਮੁੱਲ ਸੀ।
- (ਅੱਖਾਂ ਦੇ ਡੇਲੇ ) ਉਹ ਹਰ ਵੇਲੇ ਆਨੇ ਕੱਢ ਕੇ ਦਿਖਾਉਂਦੀ ਹੈ।

- (ਟਾਲ ਮਟੋਲ) ਕਿਸੇ ਚੰਗੇ ਕੰਮ ਲਈ ਆਨਾ- ਕਾਨੀ ਨਾ ਕਰੋ।

ਅਰਕ:

- (ਦਵਾਈ ) ਗੁਲਾਬ ਦਾ ਅਰਕ ਵਰਤਣਾ ਚੰਗਾ ਹੁੰਦਾ ਹੈ।
- (ਕੂਹਣੀ ) ਮੇਰੀ ਅਰਕ ਤੇ ਸੱਟ ਲੱਗ ਗਈ ਹੈ।
- (ਪਸੀਨਾ ) ਗਰਮੀ ਨੇ ਸਾਡਾ ਅਰਕ ਕੱਢ ਦਿੱਤਾ।

ਅੰਗ:

- (ਸਰੀਰ ਦਾ ਹਿੱਸਾ) ਸਤਿੰਦਰ ਦਾ ਬਿਮਾਰੀ ਨਾਲ ਇੱਕ ਅੰਗ ਮਾਰਿਆ ਗਿਆ।
- (ਨਾਲ) ਪਰਮਾਤਮਾ ਹਰ ਵੇਲੇ ਸਾਡੇ ਅੰਗ ਸੰਗ ਹੈ।
- (ਅੰਕ) ਮੈਂ ਇਸ ਨਾਵਲ ਦਾ ਪੰਜਵਾਂ ਅੰਗ ਪੜ੍ਹ ਰਿਹਾ ਹਾਂ।

ਸਰ:

- (ਸਰੋਵਰ ) ਇਸ ਸਰ ਦਾ ਪਾਣੀ ਬਹੁਤ ਠੰਢਾ ਹੈ।
- (ਫਤਿਹ ਕਰਨਾ ) ਬੰਦਾ ਬਹਾਦਰ ਨੇ ਸਰਹੰਦ ਨੂੰ ਸਰ ਕਰ ਲਿਆ।
- (ਹੋਣਾ) ਇੰਨੇ ਪੈਸਿਆਂ ਨਾਲ ਹੀ ਮੇਰਾ ਸਰ ਜਾਵੇਗਾ।

ਸੁਰ:

- (ਧੁਨੀ) ਰਾਗੀ ਮਿੱਠੀ ਸੁਰ ਵਿੱਚ ਗਾ ਰਿਹਾ ਹੈ।
- (ਏਕਤਾ) ਦੋਨਾਂ ਭਰਾਵਾਂ ਦੀ ਇੱਕੋ ਹੀ ਸੁਰ ਹੈ।
- (ਪਤਾ) ਮੈਨੂੰ ਉਸਦਾ ਕੋਈ ਸੁਰ ਪਤਾ ਨਹੀਂ ਚੱਲਿਆ।

ਸੰਗ:

- (ਸਾਥ) ਮਨੀਕਰਨ ਜਾਣ ਵਾਲਾ ਸੰਗ ਚੱਲ ਪਿਆ ਹੈ।
- (ਸ਼ਰਮ) ਮੈਨੂੰ ਤੇਰੇ ਕੋਲੋਂ ਸੰਗ ਨਹੀਂ ਆਉਂਦੀ।
- (ਪੱਥਰ) ਇਹ ਮੰਦਰ ਚਿੱਟੇ ਸੰਗਮਰਮਰ ਨਾਲ ਬਣਿਆ ਹੋਇਆ ਹੈ।

ਸਹੀ:

- (ਠੀਕ ) ਮੇਰਾ ਉੱਤਰ ਠੀਕ ਨਹੀਂ ਸੀ।
- (ਦਸਖ਼ਤ ) ਮੈਂ ਚਿੱਠੀ ਦੇ  ਹੇਠਾਂ ਆਪਣੀ ਸਹੀ ਪਾ ਦਿੱਤੀ ਹੈ।
- (ਸਰਾਹਨਾ) ਮੇਰੇ ਕੋਲੋਂ ਦੰਦ ਦੀ ਦਰਦ ਸਹੀ ਨਹੀਂ ਜਾਂਦੀ।

ਸੂਆ:

- ਸਾਡੀ ਗਾ ਦਾ  ਇਹ ਦੂਜਾ ਸੂਆ ਹੈ।
- ਸਾਡੇ ਖੇਤ ਕੋਲੋ ਇੱਕ ਸੂਆ ਲੰਘਦਾ ਹੈ।
- ਬੋਰੀਆਂ ਨੂੰ ਸਿਊਂਣ ਲਈ ਸੂਆ ਵਰਤਿਆ ਜਾਂਦਾ ਹੈ।

ਸੂਤ:

- ਮੇਰੇ ਦਾਦੀ ਜੀ ਬਰੀਕ ਸੂਤ ਕੱਤਦੇ ਹਨ।
- ਇਹ ਸਰੀਆ ਦੋ ਸੂਤ ਛੋਟਾ ਹੈ।
- ਮੇਰਾ ਕੰਮ ਸੂਤ ਨਹੀਂ ਹੁੰਦਾ ਪਿਆ।

ਚੱਕ:

- ਘੁਮਿਆਰ ਚੱਕ ਉੱਤੇ ਮਿੱਟੀ ਦੇ ਸੁੰਦਰ ਭਾਂਡੇ ਬਣਾਉਂਦਾ ਹੈ।
- ਕੱਲ ਸ਼ਾਮ ਨੂੰ ਕੁੱਤੇ ਨੇ ਚੱਕ ਵੱਢ ਲਿਆ ਸੀ।

ਜੱਗ:

- ਜਦੋਂ ਮੀਂਹ ਨਹੀਂ ਪੈਂਦਾ ਫੇਰ ਚੌਲਾਂ ਦਾ ਜੱਗ ਕਰਦੇ ਹਨ।
- ਠੰਢੀ ਲੱਸੀ ਦਾ ਜੱਗ ਭਰਿਆ ਪਿਆ ਹੈ।

ਤਰ:

- ਮੈਂ ਦਰਿਆ ਨੂੰ ਤਰ ਕੇ ਪਾਰ ਕੀਤਾ।
- ਫ਼ਰਸ਼ ਨੂੰ ਤਰ ਕਰੋ ਤਾਂਕਿ ਸੀਮਿੰਟ ਪੱਕ ਜਾਵੇ।
- ਰੋਟੀ ਨਾਲ ਤੁਰ ਖਾਣੀ ਚੰਗੀ ਹੁੰਦੀ ਹੈ।

ਦੌਰਾ:

- ਨੇਤਾ ਨੇ ਆਪਣੇ ਹਲਕੇ ਦਾ ਦੌਰਾ ਕੀਤਾ।

- ਕਸਰਤ ਕਰਨ ਨਾਲ ਖ਼ੂਨ ਦਾ ਦੌਰਾ ਵੱਧਦਾ ਹੈ।

ਧਾਰ:

- ਮੈਨੂੰ ਮੱਝਾਂ ਦੀ ਧਾਰ ਕੱਢਣੀ ਬਹੁਤ ਹੀ ਚੰਗੀ ਲੱਗਦੀ ਹੈ।
- ਮੈਂ ਪੱਕਾ ਇਰਾਦਾ ਧਾਰ ਲਿਆ ਹੈ ਕੇ ਮੈਂ ਅਧਿਆਪਕ ਬਣਾਂਗਾ।
- ਤਲਵਾਰ ਦੀ ਧਾਰ ਬਹੁਤ ਤਿੱਖੀ ਹੈ।

ਫੁੱਟ:

- ਆਪਸੀ ਫੁੱਟ ਘਰ ਨੂੰ ਬਰਬਾਦ ਕਰ ਦਿੰਦੀ ਹੈ।
- ਉਹ ਆਪਣੀ ਮਾਂ ਨੂੰ ਯਾਦ ਕਰਕੇ ਫੁੱਟ-ਫੁੱਟ ਕੇ ਰੋਣ ਲੱਗ ਪਿਆ।
- ਕਪਾਹ ਦੇ ਫੁੱਟ ਤੇ ਦਹੀਂ ਦੇ ਫੁੱਟ ਦੋਨੋ ਚਿੱਟੇ ਹੁੰਦੇ ਹਨ।

ਫੁੱਲ:

- ਮੇਰੇ ਘਰ ਵਿੱਚ ਬਹੁਤ ਵਧੀਆਂ ਫੁੱਲ ਲੱਗੇ ਹਨ।
- ਕਮਜ਼ੋਰ ਬੰਦੇ ਦਾ ਛੇਤੀ ਹੀ ਸਾਹ ਫੁੱਲ ਜਾਂਦਾ ਹੈ।
- ਇਸ਼ਨਾਨ ਕਰਨ ਨਾਲ ਮਨ ਖ਼ੁਸ਼ ਤੇ ਸਰੀਰ ਹੌਲ਼ਾ ਫੁੱਲ ਹੋ ਜਾਂਦਾ ਹੈ।

ਬੋਲੀ:

- ਪੰਜਾਬੀ ਸਾਡੀ ਮਾਂ ਬੋਲੀ ਹੈ।
- ਕਦੇ ਵੀ ਕਿਸੇ ਨੂੰ ਬੋਲੀ ਨਹੀਂ ਮਾਰਨੀ ਚਾਹੀਦੀ।
- ਭੰਗੜੇ ਵਿੱਚ ਬੋਲੀ ਪਾਈ ਜਾਂਦੀ ਹੈ।

ਲੜ:

- ਬੱਚੇ ਨਿੱਕੀ ਨਿੱਕੀ ਗੱਲ ਤੇ ਲੜ ਪੈਂਦੇ ਹਨ।
- ਮੇਰੇ ਹੱਥ ਤੇ ਮੱਖੀ ਲੜ ਗਈ ਹੈ।
- ਦੋਨੋਂ ਭਰਾ ਆਪਸ ਵਿੱਚ ਲੜ ਪਏ।

ਵੱਟ:

- ਦੋਨਾਂ ਭਰਾਵਾਂ ਦੀ ਜ਼ਮੀਨ ਦੀ ਵੱਟ ਸਾਂਝੀ ਹੈ।
- ਵੱਟ ਬਹੁਤ ਹੈ, ਜਾਪਦਾ ਹੈ ਮੀਂਹ ਆਵੇਗਾ।
- ਗਰਮੀ ਦੇ ਮੌਸਮ ਵਿੱਚ ਸੇਵੀਆਂ ਵੱਟ ਲਓ।

ਵਾਹ:

- ਦੱਬ ਕੇ ਵਾਹ ਤੇ ਰੱਜ ਕੇ ਖਾਹ।
- ਵਾਹ! ਤੂੰ ਕਿੰਨਾ ਸੋਹਣਾ ਗੀਤ ਗਾਇਆ ।

ਵਾਰ:

- ਦੇਸ਼ ਲਈ ਭਗਤ ਸਿੰਘ  ਨੇ ਆਪਣੀ ਜਾਨ ਵਾਰ ਦਿੱਤੀ।
- ਮੈਂ ਕਈ ਵਾਰ ਅਬੋਹਰ ਗਿਆ ਹਾਂ।
- 15 ਅਗਸਤ ਨੂੰ ਭਲਾ ਕੀ ਵਾਰ ਹੋਵੇਗਾ ?

ਵੇਲ:

- ਅੰਗੂਰਾਂ ਦੀ ਵੇਲ ਅੰਗੂਰਾਂ ਨਾਲ਼ ਭਰੀ ਪਈ ਹੈ।
- ਤੂੰ ਰੋਟੀ ਵੇਲ, ਮੈਂ ਤਵੀ 'ਤੇ ਪਾਉਂਦੀ ਹਾਂ।
- ਨਕਲੀਏ ਵੇਲ ਕਰਨ ਵਾਲੇ ਦੀ ਖ਼ੂਬ ਪ੍ਰਸ਼ੰਸਾ ਕਰਦੇ ਹਨ।


- ਤਿਆਰ ਕਰਤਾ:- ਵਤਨ ਸਿੰਘ ਸੰਧੂ ਪੰਜਾਬੀ ਮਾਸਟਰ
- ਸ ਹ ਸ ਅਮਰਕੋਟ
- ਮੋਬਾਇਲ ਨੰਬਰ:- 98555-39200